# ਬੱਚਿਆਂ ਲਈ ਬਾਈਬਲ

ਉੱਪਸਥਿਤ



# ਪਰਮੇਸ਼ਵਰ ਨੇ ਗੁਲਾਮ ਯੂਸਫ਼ ਨੂੰ ਸਨਮਾਨ ਦਿੱਤਾ

ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot; Lazarus
ਦੁਆਰਾ ਬਦਲਿਆ ਗਿਆ : M. Maillot; Sarah S; Alastair P.
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਣਾਇਆ ਗਿਆ : Bible for Children

www.M1914.org

BFC
PO Box 3
Winnipeg, MB R3C 2G1
Canada

©2021 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਯੂਸਫ ਆਪਣੇ ਪਹਿਲੇ ਮਾਲਕ ਪੋਟੀਫ਼ਰ ਦੇ ਦੁਆਰਾ ਜੇਲ ਵਿੱਚ ਪਾ ਦਿੱਤਾ ਗਿਆ ਸੀਂ। ਜੇਲ ਵਿੱਚ ਯੂਸਫ ਆਗਿਆਕਾਰੀ ਅਤੇ ਸਹਾਇਕ ਸੀਂ।ਦਰੋਗੇ ਨੇਂ ਵਿਸ਼ਵਾਸ਼ ਕਰਕੇ ਯੂਸਫ ਨੂੰ ਜੇਲੀਆਂ ਦੀ ਜਿੰਦਗੀ ਨੂੰ ਚਲਾਉਣ ਵਾਲਾ ਠਹਿਰਾ ਦਿੱਤਾ।ਕਿਉਂਕਿ ਪਰਮੇਸ਼ਵਰ ਯੂਸਫ ਦੇ ਨਾਲ ਸੀਂ, ਇਸ ਲਈ ਜੇਲ ਸਭ ਦੇ ਲਈ ਸੁਖਦਾਇਕ ਜਗ੍ਹਾ ਬਣ ਗਈ।



ਰਾਜੇ ਦਾ ਪਕਾਉਣ ਵਾਲਾ ਅਤੇ ਸਾਕੀ ਜੇਲ ਵਿੱਚ ਸਨ। ਯੂਸਫ ਨੇਂ ਇੱਕ ਦਿਨ ਉਹਨਾਂ ਨੂੰ ਪੁੱਛਿਆ, “ਤੁਸੀਂ ਕਿਉਂ ਉਦਾਸ ਹੋ?” ਪਰੇਸ਼ਾਨ ਮਨੁੱਖਾਂ ਨੇਂ ਜਵਾਬ ਦਿੱਤਾ, “ਕੋਈ ਵੀ ਸਾਡੇ ਸੁਫਨਿਆ ਦਾ ਅਰਥ ਨਹੀਂ ਦੱਸ ਸਕਿਆ।”



ਪਰਮੇਸ਼ਵਰ ਦੱਸ ਸਕਦਾ ਹੈ! ਯੂਸਫ ਨੇਂ ਆਖਿਆ। "ਮੈਨੂੰ ਸੁਫਨੇ ਦੱਸੋ।"



ਯੂਸਫ ਨੇਂ ਸਾਕੀ ਨੂੰ ਕਿਹਾ, “ਤੇਰੇ ਸੁਫਨੇ ਦਾ ਮਤਲਬ ਹੈ ਕੀ ਰਾਜਾ ਫ਼ਿਰਾਉਨ ਦੀ ਕ੍ਰਿਪਾ ਮੁੜ ਤਿੰਨ ਦਿਨਾਂ ਵਿੱਚ ਤੇਰੇ ਤੇ ਹੋਵੇਗੀ। ਮੈਨੂੰ ਯਾਦ ਰੱਖੀਂ ਅਤੇ ਫ਼ਿਰਾਉਨ ਨੂੰ ਕਹਿ ਕੇ ਮੈਨੂੰ ਆਜ਼ਾਦ ਕਰਾਈਂ।” ਪਕਾਉਣ ਵਾਲੇ ਨੇ ਬੂਰਾ ਸੂਫਨਾਂ ਵੇਖਿਆ। “ਤੂੰ ਤਿੰਨ ਦਿਨਾਂ ਵਿੱਚ ਮਰ ਜਾਵੇਂਗਾ,” ਯੂਸਫ ਨੇਂ ਆਖਿਆ। ਦੋਵੇਂ ਸੂਫਨੇਂ ਸੱਚ ਹੋ ਗਏ।





“ਮੈਂ ਇੱਕ ਸੁਫਨਾਂ ਵੇਖਿਆ,” ਉਹ ਰੋਇਆ। ਉਸਦਾ ਕੋਈ ਵੀ ਸਿਆਣਾ ਉਸ ਨੂੰ ਮਤਲਬ ਨਾਂ ਸਮਝਾ ਸਕਿਆ। ਤਦ ਸਾਕੀ ਨੂੰ ਜੇਲ ਵਿੱਚਲੇ ਯੂਸਫ ਦੀ ਯਾਦ ਆਈ। ਉਸਨੇਂ ਫ਼ਿਰਾਊਨ ਨੂੰ ਉਸਦੇ ਬਾਰੇ ਦੱਸਿਆ।





ਫ਼ਿਰਾਊਨ ਨੇਂ ਇੱਕ ਦਮ ਯੂਸਫ ਨੂੰ ਬੁਲਾਇਆ।
ਯੂਸਫ ਨੇਂ ਰਾਜਾ ਨੂੰ ਆਖਿਆ, "ਤੂਹਾਡਾ ਸੁਫਨਾਂ
ਪਰਮੇਸ਼ਵਰ ਦੇ ਵੱਲੋਂ ਇੱਕ ਸੰਦੇਸ਼ ਹੈ।" "ਸੱਤ ਸਾਲ ਮਿਸਰ
ਵਿੱਚ ਬਹੁਤ ਅਨਾਜ਼, ਤਦ ਸੱਤ ਸਾਲ ਭਿਆਨਕ ਅਕਾਲ ਹੋਵੇਗਾ।"



“ਯੋਜਨਾ ਬਣਾਉ ਕੀ ਪਹਿਲੇ ਸੱਤ ਅੱਛੇ ਸਾਲਾਂ ਵਿੱਚ ਅਨਾਜ ਇਕੱਠਾ ਕੀਤਾ ਜਾਵੇ,” ਯੂਸਫ ਨੇ ਰਾਜਾ ਨੂੰ ਸਲਾਹ ਦਿੱਤੀ, “ਕੀ ਤੁਹਾਡੇ ਲੋਕ ਅਕਾਲ ਵਿੱਚ ਭੁੱਖ ਨਾਲ ਨਾਂ ਮਰਨ।” “ਪਰਮੇਸ਼ਵਰ ਤੇਰੇ ਨਾਲ ਹੈ,” ਫ਼ਿਰਾਊਨ ਨੇਂ ਘੋਸ਼ਿਤ ਕੀਤਾ। ਮੇਰੇ ਤੋਂ ਦੂਸਰਾ ਮਿਸਰ ਦਾ ਚਾਰਜ ਤੂੰ ਲਵੇਂਗਾ।



ਸੱਤ ਸਾਲਾਂ ਵਿੱਚ ਬਹੁਤ ਆਇਆ। ਤਦ ਸੱਤ ਸਾਲ ਅਕਾਲ ਦੇ। ਭੋਜਨ ਹਰ ਜੁਗਾ ਦੁਰਲਬ ਸੀ ਮਿਸਰ ਨੂੰ ਛੱਡ ਕੇ ਜਿੱਥੇ ਉਹਨਾਂ ਨੇ ਬੁੱਧੀਮਾਨੀ ਨਾਲ ਬਹੁਤ ਰਸਤ ਇਕੱਠੀ ਕੀਤੀ ਸੀ। ਯੂਸਫ਼ ਦੇ ਮੁਲਕ ਵਿੱਚ, ਯਾਕੂਬ ਦਾ ਪਰਿਵਾਰ ਭੁੱਖ ਨਾਲ ਮਰ ਰਹੇ ਸਨ।



ਸਾਰੇ ਦੇਸ਼ਾਂ ਤੋਂ ਲੋਕ ਮਿਸਰ ਵਿੱਚ ਅਨਾਜ ਖਰੀਦਣ ਲਈ ਗਏ। “ਤੁਹਾਨੂੰ ਵੀ ਜਰੂਰ ਜਾਣਾ ਚਾਹੀਦਾ ਹੈ” ਯਾਕੂਬ ਨੇ ਆਪਣੇ ਪੁੱਤਰਾਂ ਨੂੰ ਹੁਕਮ ਦਿੱਤਾ, “ਜਾਂ ਅਸੀ ਵੀ ਭੁੱਖ ਨਾਲ ਮਰ ਜਾਂਵਾਗੇ।” ਮਿਸਰ ਵਿੱਚ ਪਹੁੰਚਦੇ ਹੀ ਉਹਨਾਂ ਨੇ ਭੋਜਨ ਖਰੀਦਣ ਦੀ ਤਿਆਰੀ ਕੀਤੀ।



ਯਾਕੂਬ ਦੇ ਪੁੱਤਰ ਮਿਸਰ ਦੇ ਸਵਾਮੀ ਲਈ ਹੇਠਾਂ ਝੁਕੇ। ਉਹਨਾਂ ਨੇ ਆਪਣੇ ਭਰਾ ਯੂਸਫ਼ ਨੂੰ ਨਹੀ ਪਛਾਣਿਆ, ਪਰ ਯੂਸਫ਼ ਉਹਨਾਂ ਨੂੰ ਜਾਣਦਾ ਸੀ। ਯੂਸਫ਼ ਨੇ ਆਪਣੇ ਬਚਪਣ ਦੇ ਸੁਫਨੇਂ ਯਾਦ ਕੀਤੇ। ਪਰਮੇਸ਼ਵਰ ਨੇ ਉਸਨੂੰ ਉਸਦੇ ਭਰਾਵਾਂ ਨਾਲੋਂ ਉੱਚਾ ਕੀਤਾ ਸੀ।



ਯੂਸਫ਼ ਬਹੁਤ ਬੁੱਧੀਮਾਨ ਸੀ। ਉਹ ਬਹੁਤ ਕਰੂਰਤਾ ਨਾਲ ਬੋਲਿਆ ਅਤੇ ਆਪਣੇ ਭਰਾ ਸ਼ਿਮਓਨ ਨੂੰ ਬੰਨ ਲਿਆ। “ਭੋਜਨ ਲਵੋ, ਘਰ ਜਾਉ ਅਤੇ ਤੁਹਾਡੇ ਛੋਟੇ ਭਰਾ ਨਾਲ ਵਾਪਸ ਮੁੜੋ,” ਉਸਨੇ ਹੁਕਮ ਦਿੱਤਾ। “ਤਦ ਮੈ ਜਾਣਾਗਾ ਕੀ ਤੁਸੀ ਭੇਦੀਏ ਨਹੀ ਹੋ।”



ਭਰਾਵਾਂ ਨੇ ਸੋਚਿਆ ਕੀ ਯੂਸਫ਼ ਨੂੰ
ਬਹੁਤ ਸਾਲ ਪਹਿਲਾਂ ਗੁਲਾਮ ਦੇ ਰੂਪ
ਵਿੱਚ ਵੇਚਣ ਲਈ ਸ਼ਾਇਦ ਪਰਮੇਸ਼ਵਰ
ਉਹਨਾਂ ਨੂੰ ਸਜ਼ਾ ਦੇ ਰਿਹਾ ਹੈ।



ਯਾਕੂਬ ਅਤੇ ਉਸਦੇ ਪੁੱਤਰ ਉਲਝਣ ਵਿੱਚ ਸਨ।
“ਸਾਡਾ ਧਨ ਅਨਾਜ਼ ਦੇ ਨਾਲ ਵਾਪਸ ਮੋੜਿਆ
ਗਿਆ ਹੈ। ਅਤੇ ਹਾਕਮ ਨੇ ਬਿਨਯਾਮੀਨ ਨੂੰ
ਜਰੂਰ ਲਿਆਉਣ ਲਈ ਕਿਹਾ ਹੈ।”



ਜਦ ਯੂਸਫ਼ ਨੇ ਬਿਨਯਾਮੀਨ ਨੂੰ ਵੇਖਿਆ ਉਸ ਨੇ ਆਪਣੇ ਦਾਸਾਂ ਨੂੰ ਇੱਕ ਵੱਡਾ ਭੋਜ ਤਿਆਰ ਕਰਨ ਦਾ ਹੁਕਮ ਦਿੱਤਾ। ਉਸਦੇ ਭਰਾਵਾਂ ਨੂੰ ਸੱਦਾ ਸੀ। “ਕੀ ਤੁਹਾਡਾ ਪਿਤਾ ਜਿਉਂਦਾ ਅਤੇ ਠੀਕ ਹੈ?” ਯੂਸਫ਼ ਨੇ ਪੁੱਛਿਆ। ਸ਼ਾਇਦ ਉਹ ਸੋਚ ਰਿਹਾ ਸੀ ਕੀ ਕਿਸ ਤਰ੍ਹਾਂ ਉਹ ਸਾਰੇ ਪਰਿਵਾਰ ਨੂੰ ਇਕੱਠਾ ਕਰੇਗਾ।



ਯੂਸਫ਼ ਇਹ ਵੀ ਜਾਨਣਾ ਚਾਹੁੰਦਾ ਸੀ ਬਹੁਤ ਸਾਲ ਪਹਿਲਾਂ ਕੀਤੇ ਹੋਏ ਪਾਪ ਲਈ ਉਸਦੇ ਭਰਾ ਸੱਚ – ਮੁੱਚ ਸ਼ਰਮਿੰਦੇ ਹਨ। ਭੋਜ ਦੇ ਬਾਅਦ ਉਸ ਨੇ ਉਹਨਾਂ ਨੂੰ ਚੋਰੀ ਲਈ ਦੋਸ਼ੀ ਠਹਿਰਾਇਆ। "ਤੁਹਾਡੀ ਸਜਾ ਦੇ ਤੌਰ ਤੇ, ਮੈਂ ਬਿਨਯਾਮੀਨ ਨੂੰ ਆਪਣਾ ਬੰਦੀ ਰੱਖਾਂਗਾ," ਯੂਸਫ਼ ਨੇ ਆਖਿਆ।



ਯੂਸਫ਼ ਜਾਣ ਗਿਆ ਕੀ ਯਹੂਦਾ, ਜਿਸ ਨੇ ਯੂਸਫ਼ ਨੂੰ ਵੇਚਣ ਦੀ ਸਲਾਹ ਦਿੱਤੀ ਸੀ, ਸੱਚ – ਮੁੱਚ ਬਦਲ ਗਿਆ ਹੈ।



ਉਹ ਆਪਣੇ ਪਰਿਵਾਰ ਲੀ ਆਪਣਾ ਪਿਆਰ ਜਿਆਦਾ ਦੇਰ ਨਾਂ ਛੁਪਾ ਸਕਿਆ, ਯੂਸਫ਼ ਨੇ ਸਾਰੇ ਮਿਸਰੀਆਂ ਨੂੰ ਬਾਹਰ ਭੇਜ ਦਿੱਤਾ। ਤਦ ਉਸਨੇ ਰੋਣਾ ਸ਼ੁਰੂ ਕਰ ਦਿੱਤਾ।

“ਮੈਂ ਤੁਹਾਡਾ ਭਰਾ ਯੂਸਫ਼ ਹਾਂ, ਜਿਸਨੂੰ ਤੁਸੀ ਮਿਸਰੀਆਂ ਨੂੰ ਵੇਚ ਦਿੱਤਾ ਸੀ।”

ਹੈਰਾਨ ਅਤੇ ਡਰੇ ਹੋਏ ਉਸਦੇ ਭਰਾ

ਕੁਝ ਨਹੀ ਬੋਲੇ।



ਯੂਸਫ਼ ਨੇ ਆਪਣੇ ਭਰਾਵਾਂ ਨੂੰ ਪ੍ਰੇਰਿਤ ਕੀਤਾ।
“ਪਰਮੇਸ਼ਵਰ ਨੇ ਮੈਨੂੰ ਮਿਸਰ ਵਿੱਚ

ਸਵਾਮੀ
ਬਣਾਇਆ ਤਾਂ ਜੋ ਮੈਂ
ਅਕਾਲ ਵਿੱਚ ਆਪਣੇ ਪਰਿਵਾਰ
ਦੀਆਂ ਜਿੰਦਗੀਆਂ ਬਚਾ ਸਕਾਂ।
ਜਾਓ, ਮੇਰੇ ਪਿਤਾ ਨੂੰ ਲੈਕੇ ਆਓ।
ਮੈ ਤੁਹਾਡਾ ਧਿਆਨ ਰੱਖਾਂਗਾ।”



ਯਾਕੂਬ ਅਤੇ ਯੂਸਫ਼
ਮਿਸਰ ਵਿੱਚ ਦੂਬਾਰਾ ਇਕੱਠੇ
ਹੋ ਗਏ ਅਤੇ ਸਾਰਾ ਪਰਿਵਾਰ
ਉੱਥੇ ਸ਼ਾਤੀ ਅਤੇ ਅਧਿੱਕਤਾ
ਵਿੱਚ ਰਿਹਾ।

# ਪਰਮੇਸ਼ਵਰ ਨੇ ਗੁਲਾਮ ਯੂਸਫ਼ ਨੂੰ ਸਨਮਾਨ ਦਿੱਤਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਉੱਤਪਤੀ ਦੀ ਕਿਤਾਬ 39 - 45

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।

ਜ਼ਬੂਰਾਂ ਦੀ ਪੋਥੀ 119:130

# ਸਮਾਪਤ

8

60

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੂਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੋਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16